# ਇਹੁ ਹਮਾਰਾ ਜੀਵਣਾ

14.4.97

# ਬਾਲ-ਮਜ਼ਦੂਰਾਂ ਦੀ ਕਹਾਣੀ

ਗੁਰਸ਼ਰਨ ਸਿੰਘ

ਇਹ ਸਾਰਾ ਵਰਤਾਰਾ, ਜਿਹੜਾ ਇਸ ਦੇਸ਼ ਵਿਚ ਚੱਲ ਰਿਹਾ ਹੈ, ਇਹ ਗ਼ਰੀਬ ਲਈ ਇਕ ਬੜਾ ਹੀ ਜ਼ਾਲਮ ਵਰਤਾਰਾ ਹੈ। ਇਸ ਜ਼ੁਲਮ ਦਾ ਸਿੱਧਾ ਸਬੂਤ ਬਾਲ-ਮਜ਼ਦੂਰਾਂ ਦੀ ਸ਼ਕਲ ਵਿਚ ਦਿਸ ਪੈਂਦਾ ਹੈ। ਨਿੱਕੇ-ਨਿੱਕੇ ਬੱਚੇ ਜਿਨ੍ਹਾਂ ਨੂੰ ਸਕੂਲਾਂ ਵਿਚ ਹੋਣਾ ਚਾਹੀਦਾ ਹੈ, ਉਹ ਭੱਠਿਆਂ 'ਤੇ, ਹੋਟਲਾਂ 'ਤੇ, ਬੁਣਾਈ ਮਿੱਲਾਂ ਵਿਚ ਕੰਮ ਕਰਦੇ ਦਿਸਦੇ ਹਨ। ਬਾਲੜੀਆਂ ਲੋਕਾਂ ਦੇ ਘਰਾਂ ਵਿਚ ਭਾਂਡੇ ਮਾਂਜ ਰਹੀਆਂ ਹਨ। ਫਰਸ਼ ਸਾਫ਼ ਕਰ ਰਹੀਆਂ ਹਨ। ਗੋਹੇ ਥੱਪ ਰਹੀਆਂ ਹਨ। ਬੜੇ ਸਾਲਾਂ ਤੋਂ ਵਾਲੰਟੀਅਰ ਸੰਸਥਾਵਾਂ ਵੱਲੋਂ ਬਾਲ-ਮਜ਼ਦੂਰਾਂ ਬਾਰੇ ਕਾਨੂੰਨੀ ਉਪਰਾਲਿਆਂ ਦੀ ਗੱਲ ਹੋ ਰਹੀ ਹੈ, ਪਰ ਹਾਲਾਤ ਉੱਥੇ ਦੇ ਉੱਥੇ ਹੀ ਹਨ।

> ***ਬਾਹਰ ਦੇ ਦੇਸ਼ਾਂ ਦੇ ਕਈ ਪੱਤਰਕਾਰ ਇਸ ਕਨਵੈਨਸ਼ਨ 'ਤੇ ਆਏ ਹੋਏ ਸਨ। ਉਨ੍ਹਾਂ ਨੇ ਭਾਰਤ ਦੀ ਗੁਰਬਤ ਦੀ ਇਹ ਤਸਵੀਰ ਨੋਟ ਕੀਤੀ ਹੋਈ ਹੈ। ਭਾਰਤ ਦਾ ਜਿਹੜਾ ਅੰਤਰ-ਰਾਸ਼ਟਰੀ ਪੱਧਰ 'ਤੇ ਵੱਕਾਰ ਡਿੱਗ ਰਿਹਾ ਹੈ, ਉਹ ਇਹੋ-ਜਿਹੇ ਕਾਰਨਾਂ ਕਰਕੇ ਹੀ ਹੈ, ਪਰ ਸਾਡੀ ਸਰਕਾਰ ਜਾਂ ਸਰਕਾਰ ਚਲਾਉਣ ਵਾਲੇ ਪ੍ਰਬੰਧਕਾਂ ਨੂੰ ਇਸ ਦਾ ਜ਼ਰਾ ਵੀ ਫ਼ਿਕਰ ਨਹੀਂ।***

30 ਮਾਰਚ ਤੋਂ ਪਹਿਲੀ ਅਪ੍ਰੈਲ ਤੱਕ ਬਾਲ-ਮਜ਼ਦੂਰਾਂ ਬਾਰੇ ਇਕ ਕੌਮੀ ਕਨਵੈਨਸ਼ਨ ਨਵੀਂ ਦਿੱਲੀ ਵਿਖੇ ਹੋਈ। ਇਸ ਕਨਵੈਨਸ਼ਨ ਵਿਚ ਜੋ ਗੱਲਾਂ ਸਾਹਮਣੇ ਆਈਆਂ, ਉਹ ਸਾਰੀ ਕੌਮ ਲਈ (ਜੇ ਕੋਈ ਕੌਮ ਹੈ) ਸ਼ਰਮਿੰਦਗੀ ਦਾ ਕਾਰਨ ਹੋ ਸਕਦੀਆਂ ਹਨ (ਜੇ ਕੌਮ ਕੋਲ ਕੋਈ ਸ਼ਰਮ ਹੈ ?)। ਇਹ ਕਨਵੈਨਸ਼ਨ ਬਾਲ-ਮਜ਼ਦੂਰੀ ਵਿਰੁੱਧ ਸੰਘਰਸ਼ ਕਰਦੇ 700 ਦੇ ਕਰੀਬ ਵਾਲੰਟੀਅਰ ਗਰੁੱਪਾਂ ਵੱਲੋਂ ਕੀਤੀ ਗਈ। 1000 ਦੇ ਕਰੀਬ ਬਾਲ-ਮਜ਼ਦੂਰਾਂ ਨੇ ਹਿੱਸਾ ਲਿਆ। ਇਕ ਜਿਊਰੀ ਜਿਸ ਵਿਚ 7 ਜੱਜ ਸ਼ਾਮਲ ਸਨ, ਉਨ੍ਹਾਂ ਨੇ ਜਨਤਕ ਸੁਣਵਾਈ ਕੀਤੀ। 11 ਖੇਤਰਾਂ ਨਾਲ ਸਬੰਧਤ ਬਾਲ-ਮਜ਼ਦੂਰਾਂ ਨੇ ਆਪਣੀ ਆਪ ਬੀਤੀ ਸੁਣਾਈ।

ਇਨ੍ਹਾਂ ਬਾਲ-ਮਜ਼ਦੂਰਾਂ ਦੀ ਗਿਣਤੀ 4 ਕਰੋੜ 50 ਲੱਖ ਹੈ। ਇਹ ਔਸਤਨ 10-12 ਘੰਟੇ ਰੋਜ਼ ਕੰਮ ਕਰਦੇ ਹਨ। ਤਨਖ਼ਾਹ 250 ਰੁਪਏ ਹੈ, ਵੱਡੇ ਹਿੱਸੇ ਨੂੰ ਇਹ ਤਨਖ਼ਾਹ ਨਹੀਂ ਮਿਲਦੀ। ਉਹ ਬੰਧੂਆ ਮਜ਼ਦੂਰਾਂ ਦੇ ਰੂਪ ਵਿਚ ਕੰਮ ਕਰਦੇ ਹਨ। ਦੁਨੀਆ ਭਰ ਵਿਚ ਮਨੁੱਖ ਦੇ ਬੁਨਿਆਦੀ ਹੱਕਾਂ ਵਿਚ ਇਹ ਹੱਕ ਸ਼ਾਮਲ ਹੈ ਕਿ 14 ਸਾਲ ਤੋਂ ਘੱਟ ਉਮਰ ਦਾ ਬੱਚਾ ਕੰਮ 'ਤੇ ਨਹੀਂ ਲਗਾਇਆ ਜਾਏਗਾ। ਉਹ ਲਾਜ਼ਮੀ ਤੌਰ 'ਤੇ ਸਕੂਲ ਪੜ੍ਹੇਗਾ, ਪਰ ਇਹ ਹੱਕ ਮਿਲੇ ਕਿਸ ਤਰ੍ਹਾਂ ? ਇਸ ਦੀ ਕੋਈ ਯੋਜਨਾ ਨਹੀਂ। ਸਭ ਕਾਗਜ਼ੀ ਕਾਰਵਾਈ ਹੈ। ਬਾਹਰ ਦੇ ਦੇਸ਼ਾਂ ਦੇ ਕਈ ਪੱਤਰਕਾਰ ਇਸ ਕਨਵੈਨਸ਼ਨ 'ਤੇ ਆਏ ਹੋਏ ਸਨ। ਉਨ੍ਹਾਂ ਨੇ ਭਾਰਤ ਦੀ ਗੁਰਬਤ ਦੀ ਇਹ ਤਸਵੀਰ ਨੋਟ ਕੀਤੀ ਹੋਈ ਹੈ। ਭਾਰਤ ਦਾ ਜਿਹੜਾ ਅੰਤਰ-ਰਾਸ਼ਟਰੀ ਪੱਧਰ 'ਤੇ ਵੱਕਾਰ ਡਿੱਗ ਰਿਹਾ ਹੈ, ਉਹ ਇਹੋ-ਜਿਹੇ ਕਾਰਨਾਂ ਕਰਕੇ ਹੀ ਹੈ, ਪਰ ਸਾਡੀ ਸਰਕਾਰ ਜਾਂ ਸਰਕਾਰ ਚਲਾਉਣ ਵਾਲੇ ਪ੍ਰਬੰਧਕਾਂ ਨੂੰ ਇਸ ਦਾ ਜ਼ਰਾ ਵੀ ਫ਼ਿਕਰ ਨਹੀਂ।

ਇਹ ਕਨਵੈਨਸ਼ਨ ਜਦੋਂ ਦਿੱਲੀ ਹੋ ਰਹੀ ਸੀ ਤਾਂ ਸੀਤਾ ਰਾਮ ਕੇਸਰੀ ਨੇ ਦੇਵਗੌੜਾ ਸਰਕਾਰ ਤੋਂ ਆਪਣੀ ਹਮਾਇਤ ਵਾਪਸ ਲੈ ਲੈਣ ਦੀ ਚਿੱਠੀ ਪ੍ਰਧਾਨ ਸ਼ੰਕਰ ਦਿਆਲ ਨੂੰ ਫੜਾ ਦਿੱਤੀ। ਉਸ ਖ਼ਬਰ ਦੇ ਰੌਲੇ-ਗੌਲੇ ਵਿਚ ਇਸ ਕਨਵੈਨਸ਼ਨ ਦੀਆਂ ਸਾਰੀਆਂ ਖ਼ਬਰਾਂ ਵਿਚੇ ਹੀ ਦੱਬੀਆਂ ਗਈਆਂ। ਇਹ ਕੋਈ ਨਵੀਂ ਗੱਲ ਨਹੀਂ। ਇਸ ਦੇਸ਼ ਵਿਚ ਲੋਕਾਂ ਦੇ ਦੁੱਖ ਦੀ ਗੱਲ ਆਮ ਤੌਰ 'ਤੇ ਸਿਆਸੀ ਰੌਲੇ-ਗੌਲੇ ਥੱਲੇ ਦੱਬੀ ਜਾਂਦੀ ਹੈ। ਪਾਰਲੀਮੈਂਟ ਵਿਚ ਮੈਂਬਰਾਂ ਦੀ ਗਿਣਤੀ-ਮਿਣਤੀ ਵਿਚ ਦੇਸ਼ ਦੇ ਅਹਿਮ ਮਸਲੇ ਵਿਸਰ ਜਾਂਦੇ ਹਨ। ਵਰਨਾ 4 ਕਰੋੜ 50 ਲੱਖ, 14 ਸਾਲ ਤੱਕ ਦੀ ਉਮਰ ਦੇ ਬੱਚਿਆਂ ਦਾ ਮਸਲਾ ਕੋਈ ਮਾਮੂਲੀ ਮਸਲਾ ਨਹੀਂ।

ਕਨਵੈਨਸ਼ਨ ਵਿਚ ਇਹ ਮੰਗ ਕੀਤੀ ਗਈ ਹੈ ਕਿ 14 ਸਾਲ ਤੱਕ ਦੀ ਉਮਰ ਦਾ ਕੋਈ ਵੀ ਬੱਚਾ ਮਜ਼ਦੂਰ ਨਾ ਬਣਾਇਆ ਜਾਏ। ਉਂਝ ਇਹ ਦੇਖਿਆ ਗਿਆ ਹੈ ਕਿ ਕੋਈ ਵੀ ਕਾਨੂੰਨ ਬਣੇ, ਇਹ ਸ਼ੋਸ਼ਣ ਕਰਨ ਵਾਲੇ ਵੱਡੇ ਲੋਕ ਲਾਗੂ ਨਹੀਂ ਹੋਣ ਦਿੰਦੇ। ਹਰ ਲੋਕ ਭਲਾਈ ਦੇ ਕਾਨੂੰਨ ਦੀਆਂ ਧੱਜੀਆਂ ਉਡਾਣੀਆਂ ਉਹ ਆਪਣਾ ਬੁਨਿਆਦੀ ਹੱਕ ਸਮਝਦੇ ਹਨ। ਉਹ ਜਾਣਦੇ ਹਨ ਕਿ ਕਾਨੂੰਨ ਲਾਗੂ ਕਰਨ ਵਾਲੇ ਹਰ ਅਦਾਰੇ ਨੂੰ ਉਹ ਆਪਣੇ ਪੈਸੇ ਨਾਲ ਚੁੱਪ ਕਰਵਾ ਸਕਦੇ ਹਨ।

700 ਵਾਲੰਟੀਅਰ ਗਰੁੱਪਾਂ ਨੇ ਇਸ ਕਨਵੈਨਸ਼ਨ ਨੂੰ ਜਥੇਬੰਦ ਕੀਤਾ ਹੈ। ਲੋੜ ਹੈ ਕਿ ਇਹ ਸੰਸਥਾਵਾਂ ਇਕ ਅੰਦੋਲਨ ਦੀ ਰੂਪ-ਰੇਖਾ ਬਣਾਉਣ ਤਾਂ ਜੋ 4 ਕਰੋੜ 50 ਲੱਖ ਬੱਚਿਆਂ ਨੂੰ ਜ਼ਿੰਦਗੀ ਜੀਣ ਦਾ ਹੱਕ ਮਿਲ ਸਕੇ।